# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਬਜ਼ੁਰਗਾਂ ਨਾਲ ਬੁਰੇ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਬਾਰੇ ਜਾਣਕਾਰੀ

**ਬਜ਼ੁਰਗਾਂ ਨਾਲ ਬੁਰੇ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਦਾ ਮਤਲਬ ਹੈ…** ਕਿਸੇ ਵਿਅਕਤੀ ਵਲੋਂ ਕੋਈ ਵੀ ਅਜਿਹਾ ਕੰਮ ਜਾਂ ਕੰਮ ਨਾ ਕਰਨਾ ਜਿਹੜਾ ਕਿਸੇ ਬਜ਼ੁਰਗ ਨੂੰ ਨੁਕਸਾਨ ਪਹੁੰਚਾਉਂਦਾ ਹੈ ਜਾਂ ਨੁਕਸਾਨ ਪਹੁੰਚਾਉਣ ਦਾ ਖਤਰਾ ਪੈਦਾ ਕਰਦਾ ਹੈ। ਜਦੋਂ ਭਰੋਸੇ ਦੀ ਉਮੀਦ ਰੱਖੀ ਜਾਂਦੀ ਹੈ ਤਾਂ ਸਿੱਟੇ ਖਾਸ ਤੌਰ ’ਤੇ ਨੁਕਸਾਨਦੇਹ ਹੋ ਸਕਦੇ ਹਨ। ਬਜ਼ੁਰਗਾਂ ਨਾਲ ਬੁਰੇ ਵਰਤਾਉ ਵਿਚ ਸਰੀਰਕ, ਮਾਨਸਿਕ ਜਾਂ ਜਜ਼ਬਾਤੀ ਨੁਕਸਾਨ ਸ਼ਾਮਲ ਹਨ, ਜਾਂ ਪੈਸੇ ਧੇਲੇ ਦੇ ਮਾਮਲੇ (ਜਿਵੇਂ ਮਾਇਕ ਬੁਰਾ ਵਰਤਾਉ) ਵਿਚ ਨੁਕਸਾਨ ਜਾਂ ਘਾਟਾ ਸ਼ਾਮਲ ਹਨ। ਉਦਾਹਰਣਾਂ ਵਿਚ ਧਮਕੀਆਂ ਦੇਣਾ, ਜਲੀਲ ਕਰਨਾ, ਸਰੀਰਕ ਹਮਲਾ, ਕਾਮੁਕ ਹਮਲਾ, ਜ਼ਿਆਦਾ ਦਵਾਈ ਦੇਣਾ, ਲੋੜੀਂਦੀ ਦਵਾਈ ਨਾ ਦੇਣਾ, ਡਾਕ ਪੜ੍ਹਨਾ, ਪ੍ਰਾਈਵੇਸੀ ਵਿਚ ਦਖਲ ਦੇਣਾ ਜਾਂ ਪ੍ਰਾਈਵੇਸੀ ਤੋਂ ਨਾਂਹ ਕਰਨਾ ਜਾਂ ਮਿਲਣ ਆਉਣ ਵਾਲਿਆਂ ਨੂੰ ਮਿਲਣ ਨਾ ਦੇਣਾ, ਅਣਗਹਿਲੀ ਕਰਨਾ ਅਤੇ ਆਪ ਅਣਗਹਿਲੀ ਕਰਨਾ ਸ਼ਾਮਲ ਹਨ। ਬਹੁਤ ਸਾਰੀਆਂ ਕਿਸਮਾਂ ਦਾ ਬੁਰਾ ਵਰਤਾਉ, ਅਤੇ ਕੁਝ ਕਿਸਮਾਂ ਦੀ ਅਣਗਹਿਲੀ, ਮੁਜਰਮਾਨਾ ਜੁਰਮ (ਕਰਿਮੀਨਲ ਔਫੈਂਸ) ਹਨ। ਸਾਰੀਆਂ ਕਿਸਮਾਂ ਦਾ ਬੁਰਾ ਵਰਤਾਉ ਅਤੇ ਅਣਗਹਿਲੀ ਨੁਕਸਾਨਦੇਹ ਹਨ। ਜੇ ਤੁਹਾਡੇ ਨਾਲ ਬੁਰਾ ਵਰਤਾਉ ਹੋ ਰਿਹਾ ਹੈ ਜਾਂ ਤੁਹਾਡੇ ਪ੍ਰਤੀ ਅਣਗਹਿਲੀ ਵਰਤੀ ਜਾ ਰਹੀ ਹੈ, ਜਾਂ ਬੀਤੇ ਸਮੇਂ ਵਿਚ ਅਜਿਹਾ ਹੋਇਆ ਹੈ ਤਾਂ **ਮਦਦ ਮੌਜੂਦ ਹੈ**।

### ਕਿਹੜੇ ਵਤੀਰੇ ਬੁਰਾ ਵਰਤਾਉ ਅਤੇ ਅਣਗਹਿਲੀ ਸਮਝੇ ਜਾ ਸਕਦੇ ਹਨ?

ਬੁਰਾ ਵਰਤਾਉ ਅਤੇ ਅਣਗਹਿਲੀ ਦੇ ਘੇਰੇ ਵਿਚ ਵੱਡੀ ਪੱਧਰ ਦੇ ਵਤੀਰੇ ਆਉਂਦੇ ਹਨ। ਕੁਝ ਉਦਾਹਰਣਾਂ ਇਹ ਹਨ:

- ਹਮਲਾ, ਰੁੱਖਾ ਵਰਤਾਉ, ਜਾਂ ਅਢੁਕਵੀਂ ਪਾਬੰਦੀ
- ਕਿਸੇ ਦੀਆਂ ਸਰੀਰਕ ਲੋੜਾਂ ਪੂਰੀਆਂ ਕਰਨ ਵਿਚ ਫੇਲ੍ਹ ਹੋਣਾ ਜਿਸ ਨੂੰ ਸੰਭਾਲ ਦੀ ਲੋੜ ਹੈ
- ਸਖਤ ਜ਼ਬਾਨੀ ਬੁਰਾ ਵਰਤਾਉ ਜਿਹੜਾ ਨਿਰਾਦਰ ਕਰਦਾ ਅਤੇ ਡਰਾਉਂਦਾ ਹੈ
- ਸੰਭਾਲ ਦੀ ਲੋੜ ਵਾਲੇ ਕਿਸੇ ਵਿਅਕਤੀ ਨੂੰ ਲੰਮੇ ਸਮੇਂ ਲਈ ਇਕੱਲਾ ਛੱਡਣਾ
- ਪੈਸੇ ਜਾਂ ਚੀਜ਼ਾਂ ਚੋਰੀ ਕਰਨਾ, ਜਾਂ ਪੈਸੇ ਦੀ ਵਰਤੋਂ ਅਣਅਧਿਕਾਰਤ ਮੰਤਵਾਂ ਲਈ ਕਰਨਾ
- ਕਿਸੇ ਦੀਆਂ ਮਾਇਕ ਲੋੜਾਂ ਪੂਰੀਆਂ ਕਰਨ ਵਿਚ ਫੇਲ੍ਹ ਹੋਣਾ ਜਦੋਂ ਅਜਿਹਾ ਕਰਨ ਦੀ ਜ਼ਿੰਮੇਵਾਰੀ ਹੋਵੇ
- ਅਣਚਾਹਿਆ ਕਾਮੁਕ ਸੰਪਰਕ ਜਾਂ ਕਾਮੁਕ ਪਰੇਸ਼ਾਨੀ
- ਬਹੁਤ ਜ਼ਿਆਦਾ ਜਾਂ ਬਹੁਤ ਘੱਟ ਦਵਾਈ ਦੇਣਾ
- ਕਿਸੇ ਉਸ ਵਿਅਕਤੀ ਲਈ ਉਸ ਦੀਆਂ ਇੱਛਾਵਾਂ ਦੇ ਵਿਰੁੱਧ ਫੈਸਲੇ ਕਰਨਾ ਜਿਹੜਾ ਇਹ ਫੈਸਲੇ ਆਪ ਕਰਨ ਦੇ ਯੋਗ ਹੈ

ਭਾਵੇਂ ਕਿ ਬੁਰਾ ਵਰਤਾਉ ਅਤੇ ਅਣਗਹਿਲੀ ਅਕਸਰ ਜਾਣ-ਬੁੱਝ ਕੇ ਕੀਤੇ ਜਾਂਦੇ ਹਨ ਪਰ ਕਦੇ ਕਦੇ ਅਜਿਹਾ ਨਹੀਂ ਵੀ ਹੁੰਦਾ। ਉਦਾਹਰਣ ਲਈ, ਜੇ ਪਰਿਵਾਰ ਦਾ ਮੈਂਬਰ ਕਿਸੇ ਬਜ਼ੁਰਗ ਦੀ ਸੰਭਾਲ ਕਰ ਰਿਹਾ ਹੈ ਅਤੇ ਉਸ ਨੂੰ ਸੰਭਾਲ ਕਰਨ ਵਿਚ ਮੁਸ਼ਕਲ ਆ ਰਹੀ ਹੈ ਤਾਂ ਅਣਗਹਿਲੀ ਹੋ ਸਕਦੀ ਹੈ।

### ਇਹ ਕਿਸ ਨਾਲ ਹੁੰਦਾ ਹੈ?

ਬੁਰਾ ਵਰਤਾਉ ਅਤੇ ਅਣਗਹਿਲੀ ਔਰਤਾਂ ਅਤੇ ਮਰਦਾਂ ਦੋਨਾਂ ਨਾਲ, ਅਤੇ ਵੱਖ ਵੱਖ ਉਮਰਾਂ, ਯੋਗਤਾਵਾਂ, ਸਭਿਆਚਾਰਕ ਅਤੇ ਆਰਥਿਕ ਪਿਛੋਕੜਾਂ ਅਤੇ ਕਾਮੁਕ ਰੁਚੀਆਂ ਵਾਲੇ ਬਜ਼ੁਰਗਾਂ ਨਾਲ ਹੋ ਸਕਦੇ ਹਨ।

ਬਜ਼ੁਰਗਾਂ ਨੂੰ ਪ੍ਰਾਈਵੇਟ ਘਰਾਂ, ਸੰਭਾਲ ਕਰਨ ਵਾਲੀਆਂ ਥਾਂਵਾਂ, ਜਾਂ ਜਨਤਕ ਥਾਂਵਾਂ ’ਤੇ ਸ਼ਿਕਾਰ ਬਣਾਇਆ ਜਾ ਸਕਦਾ ਹੈ। ਉਨ੍ਹਾਂ ਨੂੰ ਸ਼ਿਕਾਰ ਬਣਾਉਣ ਵਾਲੇ ਪਰਿਵਾਰ ਦੇ ਮੈਂਬਰ ਜਾਂ ਰਿਸ਼ਤੇਦਾਰ ਹੋ ਸਕਦੇ ਹਨ, ਸੰਭਾਲ ਕਰਨ ਵਾਲੇ ਹੋ ਸਕਦੇ ਹਨ, ਅਜਨਬੀ ਹੋ ਸਕਦੇ ਹਨ ਜਾਂ ਉਨ੍ਹਾਂ ਦੀਆਂ ਜ਼ਿੰਦਗੀਆਂ ਵਿਚ ਸ਼ਾਮਲ ਹੋਰ ਲੋਕ ਹੋ ਸਕਦੇ ਹਨ। ਬੁਰਾ ਵਰਤਾਉ ਅਤੇ ਅਣਗਹਿਲੀ ਅਕਸਰ ਬਜ਼ੁਰਗ ਦੀ ਰਹਿਣੀ-ਬਹਿਣੀ ਅਤੇ ਪਰਿਵਾਰ ਦੀਆਂ ਹਾਲਤਾਂ ਨਾਲ ਜੁੜੇ ਹੋਏ ਹੁੰਦੇ ਹਨ। ਉਦਾਹਰਣ ਲਈ:

- ਸਰੀਰਕ ਮਾਰਕੁੱਟ ਉਸ ਪਰਿਵਾਰਕ ਹਿੰਸਾ ਦੀ ਲਗਾਤਾਰਤਾ ਹੋ ਸਕਦੀ ਹੈ ਜਿਹੜੀ ਕੁਝ ਸਮਾਂ ਪਹਿਲਾਂ ਸ਼ੁਰੂ ਹੋਈ ਸੀ, ਜਿਵੇਂ ਕਿ ਔਰਤਾਂ ਖਿਲਾਫ ਉਨ੍ਹਾਂ ਦੇ ਪਤੀਆਂ ਵਲੋਂ ਹਿੰਸਾ।
- ਮਾਇਕ ਬੁਰਾ ਵਰਤਾਉ ਬਾਲਗ ਬੱਚਿਆਂ ਵਲੋਂ ਕੀਤਾ ਜਾ ਸਕਦਾ ਹੈ ਜੋ ਮਾਇਕ ਤੌਰ ’ਤੇ ਆਪਣੇ ਮਾਪਿਆਂ ’ਤੇ ਨਿਰਭਰ ਹੁੰਦੇ ਹਨ ਅਤੇ ਉਨ੍ਹਾਂ ਦੇ ਪੈਸੇ ਲਈ ਆਪਣੇ ਆਪ ਨੂੰ “ਹੱਕਦਾਰ” ਸਮਝਦੇ ਹਨ।
- ਪਰਿਵਾਰ ਦੇ ਮੈਂਬਰਾਂ ਵਲੋਂ ਜਜ਼ਬਾਤੀ ਬੁਰਾ ਵਰਤਾਉ, ਪੁਰਾਣੀਆਂ ਪਰਿਵਾਰਕ ਸਮੱਸਿਆਵਾਂ ਨਾਲ ਜੁੜਿਆ ਹੋਇਆ ਹੋ ਸਕਦਾ ਹੈ।
- ਬੁਰਾ ਵਰਤਾਉ ਜਾਂ ਅਣਗਹਿਲੀ ਉਦੋਂ ਹੋ ਸਕਦੇ ਹਨ ਜਦੋਂ ਬਜ਼ੁਰਗ ਸੰਭਾਲ ਲਈ ਹੋਰਨਾਂ ’ਤੇ ਨਿਰਭਰ ਹੋ ਜਾਂਦੇ ਹਨ। ਕੁਝ ਸੰਭਾਲ ਕਰਨ ਵਾਲੇ - ਭਾਵੇਂ ਤਨਖਾਹਦਾਰ ਵਰਕਰ ਹੋਣ ਜਾਂ ਪਰਿਵਾਰ ਦੇ ਮੈਂਬਰ - ਆਪਣੀ ਸੰਭਾਲ ਹੇਠਲਿਆਂ ਉੱਪਰ ਆਪਣੀ ਤਾਕਤ ਦੀ ਦੁਰਵਰਤੋਂ ਕਰਦੇ ਹਨ, ਅਤੇ ਉਨ੍ਹਾਂ ’ਤੇ ਕੀਤੇ ਗਏ ਭਰੋਸੇ ਦੀ ਉਲੰਘਣਾ ਕਰਦੇ ਹਨ। ਕੁਝ ਸੰਭਾਲ ਕਰਨ ਵਾਲਿਆਂ ਵਿਚ ਢੁਕਵੀਂ ਸੰਭਾਲ ਪ੍ਰਦਾਨ ਕਰਨ ਦੀ ਯੋਗਤਾ ਦੀ ਘਾਟ ਹੋ ਸਕਦੀ ਹੈ।

BRITISH COLUMBIA
Ministry of Justice

# ਮਦਦ ਇੱਥੇ ਸ਼ੁਰੂ ਹੁੰਦੀ ਹੈ।

- ਸੰਭਾਲ ਕਰਨ ਵਾਲੇ ਦਾ ਰੋਲ ਨਿਭਾ ਰਹੇ ਬਜ਼ੁਰਗਾਂ ਨਾਲ ਵੀ ਬੁਰਾ ਵਰਤਾਉ ਹੋ ਸਕਦਾ ਹੈ, ਜਿਵੇਂ ਕਿ ਜਦੋਂ ਕੋਈ ਬਜ਼ੁਰਗ ਸਰੀਰਕ ਤੌਰ ’ਤੇ ਨਿਰਭਰ ਪਤੀ/ਪਤਨੀ ਦੀ ਸੰਭਾਲ ਕਰ ਰਿਹਾ ਹੁੰਦਾ ਹੈ ਤਾਂ ਉਸ ਨਾਲ ਚਿਰਾਂ ਤੋਂ ਮੂੰਹ ਜ਼ਬਾਨੀ ਬੁਰਾ ਵਰਤਾਉ ਹੁੰਦਾ ਹੋ ਸਕਦਾ ਹੈ।

ਪੀੜਿਤ ਦਾ ਕਿਸੇ ਨਾਲ ਕਿਸੇ ਕਿਸਮ ਦਾ ਵੀ ਰਿਸ਼ਤਾ, **ਰਿਹਾ ਹੋਵੇ ਜਾਂ ਹੈ, ਬੁਰਾ ਵਰਤਾਉ ਜਾਂ ਅਣਗਹਿਲੀ ਉਸ ਵਿਅਕਤੀ ਦੀ ਗਲਤੀ ਹੈ ਜਿਹੜਾ ਇਹ ਕਰਦਾ ਹੈ।**

## ਪੀੜਿਤਾਂ ’ਤੇ ਕਿਸ ਤਰ੍ਹਾਂ ਅਸਰ ਪੈ ਸਕਦਾ ਹੈ?

ਭਾਵੇਂ ਕਿ ਪੀੜਿਤ (ਵਿਕਟਿਮ) ਹੋਰਨਾਂ ਦੇ ਅਪਮਾਨਜਨਕ ਵਤੀਰੇ ਲਈ ਜ਼ਿੰਮੇਵਾਰ ਨਹੀਂ ਹਨ, ਫਿਰ ਵੀ ਬੁਰੇ ਵਰਤਾਉ ਜਾਂ ਅਣਗਹਿਲੀ ਤੋਂ ਪੀੜਿਤ ਅਕਸਰ ਸ਼ਰਮ ਮਹਿਸੂਸ ਕਰਦੇ ਹਨ। ਹੋਰ ਭਾਵਨਾਵਾਂ ਵਿਚ, ਧੱਕਾ ਲੱਗਣਾ, ਸੁੰਨ ਹੋਣਾ, ਹਿੰਸਾ ਦੀ ਭਾਵਨਾ, ਬੇਵਸੀ, ਫਿਕਰ, ਡਰ, ਭੰਬਲਭੂਸਾ, ਗੁੱਸਾ, ਉਦਾਸੀ ਰੋਗ, ਅਤੇ ਸੋਗ ਸ਼ਾਮਲ ਹੋ ਸਕਦੇ ਹਨ। ਕੁਝ ਪੀੜਿਤ ਇਕੱਲੇ ਮਹਿਸੂਸ ਕਰ ਸਕਦੇ ਹਨ। ਭਰੋਸਾ ਟੁੱਟਣਾ ਬਹੁਤਿਆਂ ਲਈ ਮੁਖ ਮਸਲਾ ਹੈ।

ਜਜ਼ਬਾਤੀ ਤਕਲੀਫ਼ ਦਾ ਨਤੀਜਾ ਸਰੀਰਕ ਲੱਛਣਾਂ ਵਿਚ ਨਿਕਲ ਸਕਦਾ ਹੈ ਜਿਵੇਂ ਕਿ ਪੇਟ ਵਿਚ ਗੜਬੜ, ਸਿਰਦਰਦ, ਜਾਂ ਬੀਮਾਰੀਆਂ ਦਾ ਬਦਤਰ ਹੋਣਾ। ਸਰੀਰਕ ਕੁੱਟਮਾਰ, ਨੀਲ ਪਾ ਸਕਦੀ ਹੈ, ਹੱਡੀਆਂ ਤੋੜ ਸਕਦੀ ਹੈ ਅਤੇ ਹੋਰ ਸੱਟਾਂ ਅਤੇ ਸਿਹਤ ਸਮੱਸਿਆਵਾਂ ਪੈਦਾ ਕਰ ਸਕਦੀ ਹੈ।

ਮਾਇਕ ਬੁਰੇ ਵਰਤਾਉ ਦੇ ਗੰਭੀਰ ਮਾਇਕ ਅਤੇ ਕਾਨੂੰਨੀ ਨਤੀਜੇ ਨਿਕਲ ਸਕਦੇ ਹਨ, ਅਤੇ ਇਸ ਦੇ ਨਾਲ ਨਾਲ ਜਜ਼ਬਾਤੀ ਅਤੇ ਸਿਹਤ ਨਾਲ ਸੰਬੰਧਿਤ ਵੀ।

ਦੂਜਿਆਂ ਦੀ ਜਜ਼ਬਾਤੀ ਮਦਦ ਅਤੇ ਆਪਣੀ ਜ਼ਿੰਦਗੀ ਕੰਟਰੋਲ ਵਿਚ ਮਹਿਸੂਸ ਕਰਨਾ, ਸਮੱਸਿਆ ਦੀ ਪਛਾਣ ਕਰਨ, ਇਸ ਦਾ ਹੱਲ ਕਰਨ ਅਤੇ ਠੀਕ ਹੋਣ ਲਈ ਬਹੁਤ ਮਹੱਤਵਪੂਰਨ ਹੈ।

## ਕੁਝ ਪੀੜਿਤ ਮਦਦ ਕਿਉਂ ਨਹੀਂ ਲੈਂਦੇ?

ਕੁਝ ਬਜ਼ੁਰਗ ਬੁਰੇ ਵਰਤਾਉ ਜਾਂ ਅਣਗਹਿਲੀ ਬਾਰੇ ਦੱਸਣ ਵਿਚ ਪਰੇਸ਼ਾਨੀ ਮਹਿਸੂਸ ਕਰ ਸਕਦੇ ਹਨ, ਖਾਸ ਕਰਕੇ ਜੇ ਅਜਿਹਾ ਪਰਿਵਾਰ ਦੇ ਕਿਸੇ ਮੈਂਬਰ ਵਲੋਂ ਹੋ ਰਿਹਾ ਹੋਵੇ। ਕੁਝ ਨੂੰ ਸ਼ਾਇਦ ਇਹ ਪਤਾ ਨਾ ਹੋਵੇ ਕਿ ਮਦਦ ਕਿਵੇਂ ਲੈਣੀ ਹੈ, ਜਾਂ ਉਨ੍ਹਾਂ ਨੂੰ ਇਸ ਗੱਲ ਬਾਰੇ ਪੱਕਾ ਪਤਾ ਨਹੀਂ ਹੋ ਸਕਦਾ ਹੈ ਕਿ ਜੋ ਤਜਰਬਾ ਉਨ੍ਹਾਂ ਨੂੰ ਹੋ ਰਿਹਾ ਹੈ ਕੀ ਇਹ ਬੁਰਾ ਵਰਤਾਉ ਜਾਂ ਅਣਗਹਿਲੀ ਸਮਝਿਆ ਜਾਂਦਾ ਹੈ ਜਾਂ ਨਹੀਂ। ਕੁਝ ਆਪਣੇ ਪਰਿਵਾਰ ਦੇ ਮੈਂਬਰ ਜਾਂ ਸੰਭਾਲ ਕਰਨ ਵਾਲੇ ’ਤੇ ਪੈਣ ਵਾਲੇ ਅਸਰਾਂ ਬਾਰੇ ਫਿਕਰਮੰਦ ਹੋ ਸਕਦੇ ਹਨ।

ਕੁਝ ਬਜ਼ੁਰਗਾਂ ਨੂੰ ਸਭਿਆਚਾਰਕ ਜਾਂ ਬੋਲੀ ਦੀਆਂ ਰੁਕਾਵਟਾਂ ਕਰਕੇ, ਆਪਣੀ ਸਰੀਰਕ ਹਾਲਤ ਜਾਂ ਡਿਸਏਬਿਲਟੀ (ਅਪਾਹਜਤਾ) ਕਰਕੇ ਮਦਦ ਲੈਣ ਵਿਚ ਮੁਸ਼ਕਲ ਆ ਸਕਦੀ ਹੈ। ਹੋਰ ਦੱਸਣ ਤੋਂ ਡਰਦੇ ਹੋ ਸਕਦੇ ਹਨ। ਉਨ੍ਹਾਂ ਨੂੰ ਉਸ ਵਿਅਕਤੀ ਤੋਂ ਬਦਲੇ ਦਾ ਡਰ ਹੋ ਸਕਦਾ ਹੈ ਜਿਸ ਨੇ ਉਨ੍ਹਾਂ ਨੂੰ ਨੁਕਸਾਨ ਪਹੁੰਚਾਇਆ ਹੋਵੇ। ਜਾਂ ਉਨ੍ਹਾਂ ਨੂੰ ਲੋੜ ਵਾਲੀਆਂ ਸੇਵਾਵਾਂ ਦੇ ਖਤਮ ਹੋਣ, ਆਪਣੇ ਪੈਸੇ ਜਾਣ, ਮੂਵ ਹੋਣ ਜਾਂ ਪਰਿਵਾਰ ਦੇ ਟੁੱਟਣ ਦਾ ਡਰ ਲੱਗ ਸਕਦਾ ਹੈ। ਉਨ੍ਹਾਂ ਨੂੰ ਇਹ ਡਰ ਵੀ ਲੱਗ ਸਕਦਾ ਹੈ ਕਿ ਉਨ੍ਹਾਂ ’ਤੇ ਯਕੀਨ ਨਹੀਂ ਕੀਤਾ ਜਾਵੇਗਾ।

ਬੁਰਾ ਵਰਤਾਉ ਜਾਂ ਅਣਗਿਹਲੀ ਦੀ ਸ਼ੱਕ ਕਰਨ ਵਾਲੇ ਰਿਸ਼ਤੇਦਾਰ, ਦੋਸਤ ਜਾਂ ਹੋਰ ਲੋਕ ਪਰਿਵਾਰ ਦੇ ਮਾਮਲੇ ਵਿਚ ਦਖਲ ਨਾ ਦੇਣਾ ਚਾਹੁੰਦੇ ਹੋ ਸਕਦੇ ਹਨ ਜਾਂ “ਪੱਖ ਨਾ ਲੈਣਾ” ਚਾਹੁੰਦੇ ਹੋ ਸਕਦੇ ਹਨ। ਉਹ ਇਹ ਫਿਕਰ ਕਰ ਸਕਦੇ ਹਨ ਕਿ ਜੇ ਉਨ੍ਹਾਂ ਨੇ ਸੰਭਾਲ ਕਰਨ ਵਾਲੀ ਕਿਸੇ ਥਾਂ ਵਿਚਲੇ ਬੁਰੇ ਵਰਤਾਉ ਜਾਂ ਅਣਗਹਿਲੀ ਬਾਰੇ ਰਿਪੋਰਟ ਕੀਤੀ ਤਾਂ ਨਤੀਜਾ ਹੋਰ ਨੁਕਸਾਨ ਜਾਂ ਸਭ ਤੋਂ ਮਾੜੀ ਸੰਭਾਲ ਵਿਚ ਨਿਕਲ ਸਕਦਾ ਹੈ। ਜਾਂ, ਉਨ੍ਹਾਂ ਨੂੰ ਸ਼ਾਇਦ ਇਹ ਪਤਾ ਹੀ ਨਹੀਂ ਹੋ ਸਕਦਾ ਹੈ ਕਿ ਕੀ ਕਰਨਾ ਹੈ।

ਜੇ ਤੁਸੀਂ ਅਜਿਹੀ ਹਾਲਤ ਵਿਚ ਹੋ ਜਿਹੜੀ ਤੁਸੀਂ ਕਿਸੇ ਵੀ ਤਰੀਕੇ ਨਾਲ ਨੁਕਸਾਨਦੇਹ ਮਹਿਸੂਸ ਕਰਦੇ ਹੋ ਤਾਂ **ਕਿਸੇ ਨੂੰ ਦੱਸੋ**।

## ਕਿਹੜੇ ਕਾਨੂੰਨ ਬਜ਼ੁਰਗਾਂ ਦੀ ਰੱਖਿਆ ਕਰਦੇ ਹਨ?

### ਕਰਿਮੀਨਲ ਕੋਡ

ਵੱਖ ਵੱਖ ਮੁਜਰਮਾਨਾ ਜੁਰਮ (ਕਰਿਮੀਨਲ ਔਫੈਂਸਿਜ਼) ਬਜ਼ੁਰਗਾਂ ਨਾਲ ਬੁਰੇ ਵਰਤਾਉ ਅਤੇ ਅਣਗਹਿਲੀ ’ਤੇ ਲਾਗੂ ਹੁੰਦੇ ਹਨ। ਉਦਾਹਰਣ ਲਈ: ਹਮਲਾ ਕਰਨਾ, ਗੈਰਕਾਨੂੰਨੀ ਤਰੀਕੇ ਨਾਲ ਸਰੀਰ ਨੂੰ ਨੁਕਸਾਨ ਪਹੁੰਚਾਉਣਾ, ਕਾਮੁਕ ਹਮਲਾ, ਧਮਕੀਆਂ ਦੇਣਾ, ਡਰਾਉਣਾ, ਧੱਕੇ ਨਾਲ ਬੰਦੀ ਬਣਾਉਣਾ, ਜ਼ਿੰਦਗੀ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਵਿਚ ਫੇਲ੍ਹ ਹੋਣਾ, ਚੋਰੀ, ਫਰਾਡ ਅਤੇ ਲੁੱਟਣਾ।

ਬਜ਼ੁਰਗਾਂ ਨੂੰ ਇਹ ਫੈਸਲਾ ਕਰਨ ਦਾ ਹੱਕ ਹੈ ਕਿ ਕੀ ਉਹ ਆਪਣੇ ਖਿਲਾਫ ਹੋਏ ਕਿਸੇ ਜੁਰਮ ਦੀ ਰਿਪੋਰਟ ਕਰਨਾ ਚਾਹੁੰਦੇ ਹਨ। ਕੁਝ ਹਾਲਤਾਂ ਵਿਚ, ਜਦੋਂ ਕੋਈ ਬਜ਼ੁਰਗ ਇਹ ਫੈਸਲਾ ਕਰਨ ਦੇ ਅਸਮਰੱਥ ਹੁੰਦਾ ਹੈ ਤਾਂ ਉਸ ਦੀ ਤਰਫੋਂ ਕੋਈ ਹੋਰ ਰਿਪੋਰਟ ਕਰ ਸਕਦਾ ਹੈ। ਗਵਾਹ ਵੀ ਜੁਰਮ ਦੀ ਰਿਪੋਰਟ ਕਰ ਸਕਦੇ ਹਨ।

### ਬੀ.ਸੀ. ਦਾ ਵਿਕਟਿਮਜ਼ ਕਾਨੂੰਨ

ਵਿਕਟਿਮਜ਼ ਆਫ ਕਰਾਇਮ ਐਕਟ, ਜੁਰਮ ਦੇ ਪੀੜਿਤਾਂ ਨਾਲ ਸਨਮਾਨ ਅਤੇ ਆਦਰ ਵਾਲਾ ਵਰਤਾਉ ਹੋਣ ਅਤੇ ਜਾਣਕਾਰੀ ਲੈਣ ਦੇ ਹੱਕ ਤਹਿ ਕਰਦਾ ਹੈ।

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਬਜ਼ੁਰਗਾਂ ਨਾਲ ਬੁਰੇ ਵਰਤਾਉ ਅਤੇ ਉਨ੍ਹਾਂ ਪ੍ਰਤੀ ਅਣਗਹਿਲੀ ਬਾਰੇ ਜਾਣਕਾਰੀ

ਕਰਾਇਮ ਵਿਕਟਿਮ ਅਸਿਸਟੈਂਸ ਐਕਟ, ਸੱਟਾਂ ਤੋਂ ਠੀਕ ਹੋਣ ਅਤੇ ਹਿੰਸਕ ਜੁਰਮ ਦੇ ਨਤੀਜੇ ਵਜੋਂ ਹੋਰ ਖਰਚੇ ਉਗਰਾਹੁਣ ਵਿਚ ਮਦਦ ਲਈ ਬੈਨੇਫਿਟਸ ਪ੍ਰਦਾਨ ਕਰਦਾ ਹੈ।

### ਬੀ.ਸੀ. ਦਾ ਅਡੱਲਟ ਗਾਰਡੀਅਨ ਕਾਨੂੰਨ

ਅਡੱਲਟ ਗਾਰਡੀਅਨਸ਼ਿਪ ਐਕਟ ਵਿਚ ਬੁਰੇ ਵਰਤਾਉ ਅਤੇ ਅਣਗਹਿਲੀ (ਬੁਰੇ ਵਰਤਾਉ/ਅਣਗਹਿਲੀ ਦੇ ਸਰੀਰਕ, ਕਾਮੁਕ, ਜਜ਼ਬਾਤੀ ਅਤੇ ਮਾਇਕ ਰੂਪਾਂ ਸਮੇਤ) ਬਾਰੇ ਖਾਸ ਧਾਰਾਵਾਂ ਹਨ। ਇਨ੍ਹਾਂ ਧਾਰਾਵਾਂ ਦਾ ਨਿਸ਼ਾਨਾ ਉਹ ਬਾਲਗ ਹਨ ਜਿਹੜੇ ਕਿਸੇ ਸਰੀਰਕ ਬੰਦਸ਼, ਸਰੀਰਕ ਅਪਾਹਜਤਾ, ਜਾਂ ਕਿਸੇ ਅਜਿਹੀ ਹਾਲਤ ਕਰਕੇ ਮਦਦ ਲੈਣ ਦੇ ਅਯੋਗ ਹਨ ਜਿਹੜੀ ਬੁਰੇ ਵਰਤਾਉ ਜਾਂ ਅਣਗਹਿਲੀ ਬਾਰੇ ਫੈਸਲੇ ਕਰਨ ਦੀ ਉਨ੍ਹਾਂ ਦੀ ਸਮਰੱਥਾ ’ਤੇ ਅਸਰ ਪਾਉਂਦੀ ਹੈ। ਨਿਯੁਕਤ ਏਜੰਸੀਆਂ ਇਨ੍ਹਾਂ ਹਾਲਤਾਂ ਵਿਚਲੇ ਬਾਲਗਾਂ ਨਾਲ ਸੰਬੰਧਿਤ ਬੁਰੇ ਵਰਤਾਉ ਜਾਂ ਅਣਗਹਿਲੀ ਦੀਆਂ ਰਿਪੋਰਟਾਂ ਦੀ ਪੜਤਾਲ ਕਰਦੀਆਂ ਹਨ ਅਤੇ ਜੇ ਇਹ ਲੱਗੇ ਕਿ ਮੁਜਰਮਾਨਾ ਜੁਰਮ ਹੋਇਆ ਹੈ ਤਾਂ ਉਹ ਪੁਲੀਸ ਨੂੰ ਸੂਚਨਾ ਦਿੰਦੀਆਂ ਹਨ।

ਬੀ.ਸੀ. ਦੇ ਕਾਨੂੰਨਾਂ ਵਿਚ ਮਾਇਕ ਅਤੇ ਸਿਹਤ ਸੰਭਾਲ ਦੇ ਮਾਮਲਿਆਂ ਵਿਚ ਬਾਲਗਾਂ ਦੀ ਰਾਖੀ ਕਰਨ ਲਈ ਹੋਰ ਐਕਟ ਵੀ ਹਨ: ਪਬਲਿਕ ਗਾਰਡੀਅਨ ਐਂਡ ਟਰੱਸਟੀ ਐਕਟ, ਰੈਪਰੇਜ਼ਿਨਟੇਸ਼ਨ ਐਗਰੀਮੈਂਟ ਐਕਟ, ਅਤੇ ਹੈਲਥ ਕੇਅਰ (ਕੌਨਸੈਂਟ) ਐਂਡ ਕੇਅਰ ਫਾਸਿਲਟੀ (ਅਡਮਿਸ਼ਨ) ਐਕਟ।

## ਕਿਸ ਕਿਸਮ ਦੀ ਮਦਦ ਮੌਜੂਦ ਹੈ?

### ਪੁਲੀਸ

ਪੁਲੀਸ ਫੌਰੀ ਖਤਰੇ ਵਿਚਲੇ ਲੋਕਾਂ ਜਾਂ ਸੰਭਵ ਮੁਜਰਮਾਨਾ ਜੁਰਮਾਂ ਦੀਆਂ ਰਿਪੋਰਟਾਂ ਦੀ ਪੜਤਾਲ ਕਰਦੀ ਹੈ। ਉਹ ਜੁਰਮਾਂ ਦੀ ਪੜਤਾਲ ਕਰਦੀ ਹੈ ਅਤੇ ਹੋਰ ਏਜੰਸੀਆਂ ਬਾਰੇ ਜਾਣਕਾਰੀ ਦਿੰਦੀ ਹੈ ਜਿਹੜੀਆਂ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ।

### ਪੀੜਿਤਾਂ ਨੂੰ ਸਰਵਿਸ ਦੇਣ ਵਾਲੇ ਪ੍ਰੋਗਰਾਮ

ਪੀੜਿਤਾਂ ਨੂੰ ਸਰਵਿਸ ਦੇਣ ਵਾਲੇ ਪ੍ਰੋਗਰਾਮ (ਵਿਕਟਿਮ ਸਰਵਿਸ ਪ੍ਰੋਗਰਾਮਜ਼) ਕਮਿਉਨਟੀ ਏਜੰਸੀਆਂ ਜਾਂ ਪੁਲੀਸ ਸਟੇਸ਼ਨਾਂ ਵਿਚ ਸਥਿਤ ਹਨ। ਉਹ ਜਜ਼ਬਾਤੀ ਮਦਦ ਕਰਦੇ ਹਨ, ਨਿਆਂਇਕ ਸਿਸਟਮ, ਸੇਫਟੀ ਪਲੈਨਿੰਗ ਬਾਰੇ ਜਾਣਕਾਰੀ ਦਿੰਦੇ ਹਨ, ਕੌਂਸਲਿੰਗ ਅਤੇ ਹੋਰ ਸੇਵਾਵਾਂ ਕੋਲ ਭੇਜਦੇ ਹਨ, ***ਜੁਰਮਾਂ ਦਾ ਸ਼ਿਕਾਰ ਹੋਇਆਂ ਲਈ ਸਹਾਇਤਾ ਦੇ ਭੱਤੇ*** ਲੈਣ ਵਿਚ ਮਦਦ ਕਰਦੇ ਹਨ, ਅਤੇ ਅਦਾਲਤ ਜਾ ਰਹੇ ਪੀੜਿਤਾਂ ਦੀ ਹਿਮਾਇਤ ਕਰਦੇ ਹਨ।

ਵਿਕਟਿਮਲਿੰਕ ਬੀ ਸੀ ਜੁਰਮ ਦਾ ਸ਼ਿਕਾਰ ਹੋਏ ਸਾਰੇ ਲੋਕਾਂ ਨੂੰ ਜਾਣਕਾਰੀ ਦਿੰਦਾ ਹੈ ਅਤੇ ਅਗਾਂਹ ਭੇਜਦਾ ਹੈ, ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਦੇ ਪੀੜਿਤਾਂ ਲਈ ਫੌਰੀ ਸੰਕਟ ਵਿਚ ਮਦਦ ਕਰਦਾ ਹੈ। 1-800-563-0808 ’ਤੇ ਫੋਨ ਕਰੋ ਜਾਂ www.victimlinkbc.ca ’ਤੇ ਜਾਉ।

*ਕਿਸੇ ਹਿੰਸਕ ਜੁਰਮ ਨਾਲ ਜ਼ਖਮੀ ਹੋਏ ਪੀੜਿਤ, ਕਰਾਇਮ ਵਿਕਟਿਮ ਅਸਿਸਟੈਂਸ ਐਕਟ ਅਧੀਨ, ਭੱਤਿਆਂ ਲਈ ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਕੋਲ ਅਪਲਾਈ ਕਰ ਸਕਦੇ ਹਨ। 1-866-660-3888 ’ਤੇ ਫੋਨ ਕਰੋ।*

### ਪਬਲਿਕ ਗਾਰਡੀਅਨ ਐਂਡ ਟਰੱਸਟੀ

ਪਬਲਿਕ ਗਾਰਡੀਅਨ ਐਂਡ ਟਰੱਸਟੀ ਮਾਇਕ ਬੁਰੇ ਵਰਤਾਉ ਦੀਆਂ ਰਿਪੋਰਟਾਂ ਦੀ ਪੜਤਾਲ ਕਰਦਾ ਹੈ ਅਤੇ ਆਪਣੇ ਮਾਮਲੇ ਆਪ ਨਜਿੱਠਣ ਦੇ ਨਾਕਾਬਲ ਬਾਲਗਾਂ ਲਈ ਮਾਇਕ ਪ੍ਰਬੰਧ ਦੀਆਂ ਸੇਵਾਵਾਂ ਪ੍ਰਦਾਨ ਕਰ ਸਕਦਾ ਹੈ। ਜੇ ਕਮਜ਼ੋਰ ਬਾਲਗ ਨੂੰ ਕਿਸੇ ਸਰੀਰਕ ਖਤਰੇ ਜਾਂ ਨੁਕਸਾਨ ਬਾਰੇ ਫਿਕਰ ਹੋਣ ਤਾਂ ਇਹ ਨਿਯੁਕਤ ਏਜੰਸੀਆਂ ਨੂੰ ਇਸ ਬਾਰੇ ਦੱਸਦਾ ਹੈ (ਪਿਛਲੇ ਸਫੇ ’ਤੇ ਵਸੀਲਿਆਂ ਵਾਲਾ ਭਾਗ ਦੇਖੋ)।

### ਅਡੱਲਟ ਗਾਰਡੀਅਨਸ਼ਿਪ ਹੇਠ ਨਿਯੁਕਤ ਏਜੰਸੀਆਂ

ਇਲਾਕਾਈ ਹੈਲਥ ਅਥਾਰਟੀਆਂ, ਪ੍ਰੌਵੀਡੈਂਸ ਹੈਲਥ ਕੇਅਰ ਸੁਸਾਇਟੀ, ਅਤੇ ਕਮਿਉਨਟੀ ਲਿਵਿੰਗ ਬੀ ਸੀ ਉਨ੍ਹਾਂ ਬਾਲਗਾਂ ਨਾਲ ਬੁਰੇ ਵਰਤਾਉ ਜਾਂ ਉਨ੍ਹਾਂ ਪ੍ਰਤੀ ਅਣਗਹਿਲੀ ਦੀਆਂ ਰਿਪੋਰਟਾਂ ਦੀ ਪੜਤਾਲ ਕਰਦੇ ਹਨ ਜਿਹੜੇ ਕਿਸੇ ਖਾਸ ਸਰੀਰਕ ਜਾਂ ਮਾਨਸਿਕ ਹਾਲਤ ਕਾਰਨ ਆਪਣੇ ਆਪ ਮਦਦ ਨਹੀਂ ਲੈ ਸਕਦੇ। ਉਹ ਸਿਹਤ ਅਤੇ ਸੇਫਟੀ ਦੇ ਮਸਲੇ ਦੇਖ ਸਕਦੇ ਹਨ ਅਤੇ ਗੈਰਰਸਮੀ ਜਾਂ ਰਸਮੀ ਤਰੀਕਿਆਂ ਨਾਲ ਮਦਦ ਕਰ ਸਕਦੇ ਹਨ।

### ਹੋਰ ਸੇਵਾਵਾਂ

ਕਮਿਉਨਟੀ ਏਜੰਸੀਆਂ, ਹੈਲਥ ਕਲੀਨਿਕ, ਅਤੇ ਹਸਪਤਾਲ, ਪੀੜਿਤਾਂ ਦੀ ਸਰੀਰਕ ਅਤੇ ਮਨੋਵਿਗਿਆਨਕ ਸਦਮੇ ਵਿੱਚੋਂ ਨਿਕਲਣ ਵਿਚ ਮਦਦ ਕਰਨ ਲਈ ਐਮਰਜੰਸੀ ਅਤੇ ਲੰਮੇ-ਸਮੇਂ ਲਈ ਸੇਵਾਵਾਂ ਦਿੰਦੇ ਹਨ। ਕੁਝ ਏਜੰਸੀਆਂ ਖਾਸ ਕਿਸਮ ਦੀਆਂ ਸੇਵਾਵਾਂ ਦਿੰਦੀਆਂ ਹਨ, ਉਦਾਹਰਣ ਵਜੋਂ, ਕਿਸੇ ਖਾਸ ਸਭਿਆਚਾਰਕ ਪਿਛੋਕੜ ਦੇ ਲੋਕ ਅਤੇ ਅਪਾਹਜਤਾਵਾਂ ਵਾਲੇ ਵਿਅਕਤੀ।

ਬੀ ਸੀ ਸੈਂਟਰ ਆਫ ਐਲਡਰ ਐਡਵੋਕੇਸੀ ਐਂਡ ਸੁਪੋਰਟ, ਬਜ਼ੁਰਗਾਂ ਨਾਲ ਬੁਰਾ ਵਰਤਾਉ ਅਤੇ ਅਣਗਹਿਲੀ ਬਾਰੇ ਜਾਣਕਾਰੀ ਅਤੇ ਹਿਮਾਇਤ ਦੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ। ਹੈਲਥਲਿੰਕ ਬੀ ਸੀ ਵੀ ਇਨ੍ਹਾਂ ਮਸਲਿਆਂ ਬਾਰੇ ਜਾਣਕਾਰੀ ਅਤੇ ਸਲਾਹ ਦਿੰਦਾ ਹੈ। ਪਿਛਲੇ ਸਫੇ ’ਤੇ **ਵਸੀਲਿਆਂ** ਵਾਲਾ ਭਾਗ ਦੇਖੋ।

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜੇ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਚੁੱਕੇ ਜਾਣ ਵਾਲੇ ਕਦਮ

- ਜੇ ਤੁਹਾਨੂੰ ਪੁਲੀਸ ਦੀ ਜਾਂ ਡਾਕਟਰੀ ਮਦਦ ਦੀ ਫੌਰੀ ਲੋੜ ਹੋਵੇ ਤਾਂ 911 ’ਤੇ ਜਾਂ ਆਪਣੇ ਇਲਾਕੇ ਦੇ ਐਮਰਜੰਸੀ ਨੰਬਰ ’ਤੇ ਫੋਨ ਕਰੋ।
- ਆਪਣੇ ਭਰੋਸੇ ਵਾਲੇ ਕਿਸੇ ਹੋਰ ਬਾਲਗ ਨਾਲ ਗੱਲ ਕਰੋ। ਜੇ ਪਰਿਵਾਰ ਦਾ ਕੋਈ ਮੈਂਬਰ ਜਾਂ ਦੋਸਤ ਜਜ਼ਬਾਤੀ ਮਦਦ ਕਰ ਸਕਦਾ ਹੋਵੇ ਜਾਂ ਅਮਲੀ ਤਰੀਕਿਆਂ ਨਾਲ ਮਦਦ ਕਰ ਸਕਦਾ ਹੋਵੇ ਤਾਂ ਮਦਦ ਲਵੋ।
- ਜੇ ਤੁਸੀਂ ਅਜਿਹਾ ਕਰਨਾ ਸੁਰੱਖਿਅਤ ਅਤੇ ਕਰਨ ਦੇ ਯੋਗ ਮਹਿਸੂਸ ਕਰਦੇ ਹੋਵੋ ਤਾਂ ਉਸ ਵਿਅਕਤੀ ਨਾਲ ਗੱਲ ਕਰੋ ਜਿਹੜਾ ਤੁਹਾਨੂੰ ਨੁਕਸਾਨ ਪਹੁੰਚਾ ਰਿਹਾ ਹੈ। ਉਸ ਨੂੰ ਦੱਸੋ ਕਿ ਇਹ ਵਤੀਰਾ ਕਿਵੇਂ ਤੁਹਾਡੇ ’ਤੇ ਅਸਰ ਪਾ ਰਿਹਾ ਹੈ ਅਤੇ ਉਸ ਨੂੰ ਇਹ ਬਦਲਣ ਲਈ ਕਹੋ।
- ਜੇ ਹਾਲਤ ਹੰਗਾਮੀ ਨਹੀਂ ਹੈ ਪਰ ਤੁਸੀਂ ਜੁਰਮ ਬਾਰੇ ਰਿਪੋਰਟ ਕਰਨਾ ਚਾਹੁੰਦੇ ਹੋ ਤਾਂ ਆਪਣੇ ਇਲਾਕੇ ਵਿਚਲੇ ਪੁਲੀਸ ਦੇ ਗੈਰ-ਐਮਰਜੰਸੀ ਨੰਬਰ ਨੂੰ ਫੋਨ ਕਰੋ।
- ਜੇ ਹਾਲਤ ਹੰਗਾਮੀ ਨਹੀਂ ਹੈ ਪਰ ਤੁਹਾਨੂੰ ਡਾਕਟਰੀ ਇਲਾਜ ਦੀ ਲੋੜ ਹੋ ਸਕਦੀ ਹੈ ਤਾਂ ਆਪਣੇ ਡਾਕਟਰ ਕੋਲ ਜਾਂ ਕਿਸੇ ਵਾਕ-ਇਨ-ਕਲੀਨਿਕ ਵਿਚ ਜਾਉ।
- ਵਿਕਟਿਮਲਿੰਕ ਬੀ ਸੀ ਤੋਂ ਜਾਣਕਾਰੀ ਲੈ ਕੇ ਆਪਣੇ ਇਲਾਕੇ ਦੇ ਵਿਕਟਿਮ ਸਰਵਿਸ ਪ੍ਰੋਗਰਾਮ ਨਾਲ ਸੰਪਰਕ ਕਰੋ।
- ਮਾਇਕ ਬੁਰੇ ਵਰਤਾਉ ਬਾਰੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ।
- ਬਾਲਗਾਂ ਨਾਲ ਬੁਰੇ ਵਰਤਾਉ ਜਾਂ ਅਣਗਹਿਲੀ ਦੇ ਹੋਰ ਰੂਪਾਂ ਬਾਰੇ ਆਪਣੀ ਇਲਾਕਾਈ ਹੈਲਥ ਅਥਾਰਟੀ ਨਾਲ ਸੰਪਰਕ ਕਰੋ।
- ਜੇ ਤੁਹਾਡੇ ਮਨ ਵਿਚ ਬੁਰੇ ਵਰਤਾਉ ਜਾਂ ਅਣਗਿਹਲੀ ਬਾਰੇ ਜਾਂ ਆਪਣੇ ਹੱਕਾਂ ਬਾਰੇ ਕੋਈ ਸਵਾਲ ਹੋਣ ਤਾਂ ਕਿਸੇ ਵਿਕਟਿਮ ਸਰਵਿਸ ਵਰਕਰ ਤੋਂ ਪੁੱਛਣ ਤੋਂ ਨਾ ਝਿਜਕੋ।

## ਵਸੀਲੇ

### ਬੀ ਸੀ ਸੈਂਟਰ ਫਾਰ ਐਲਡਰ ਐਡਵੋਕੇਸੀ ਐਂਡ ਸੁਪੋਰਟ

- 1-866-437-1940 ’ਤੇ ਬੀ ਸੀ ਵਿਚ ਮੁਫਤ ਫੋਨ ਕਰੋ
- www.bcceas.ca

### ਹੈਲਥਲਿੰਕ ਬੀ ਸੀ

- ਹਰ ਰੋਜ਼ 24 ਘੰਟੇ ਬੀ.ਸੀ. ਵਿਚ 811 ’ਤੇ ਮੁਫਤ ਫੋਨ ਕਰੋ
- ਗੈਰ-ਐਮਰਜੰਸੀ ਸਿਹਤ ਜਾਣਕਾਰੀ ਸੇਵਾਵਾਂ ਤੱਕ ਸੌਖੀ ਪਹੁੰਚ
- ਬੇਨਤੀ ਕਰਨ ’ਤੇ 130 ਨਾਲੋਂ ਜ਼ਿਆਦਾ ਜ਼ਬਾਨਾਂ ਵਿਚ ਅਨੁਵਾਦ ਦੀਆਂ ਸੇਵਾਵਾਂ
- ਬੋਲ਼ੇ ਅਤੇ ਉੱਚਾ ਸੁਣਨ ਵਾਲੇ ਲੋਕਾਂ ਲਈ ਮਦਦ (ਟੀ ਟੀ ਵਾਈ), 711 ’ਤੇ ਫੋਨ ਕਰੋ
- www.healthlinkbc.ca

### ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ

- ਬੀ ਸੀ ਵਿਚ 1-866-660-3888 ’ਤੇ ਮੁਫਤ ਫੋਨ ਕਰੋ
- cvap@gov.bc.ca

### ਪਬਲਿਕ ਗਾਰਡੀਅਨ ਐਂਡ ਟਰੱਸਟੀ

- ਵੈਨਕੂਵਰ ਦਫਤਰ ਨੂੰ (604) 660-4444 ’ਤੇ, ਵਿਕਟੋਰੀਆ ਦਫਤਰ ਨੂੰ (250) 356-8160 ’ਤੇ, ਜਾਂ ਕਲੋਨਾ ਦਫਤਰ ਨੂੰ (250) 712-7576 ’ਤੇ ਫੋਨ ਕਰੋ
- ਇਨ੍ਹਾਂ ਤੋਂ ਬਾਹਰਲੇ ਇਲਾਕਿਆਂ ਵਿਚ, ਇਨਕੁਆਰੀ ਬੀ ਸੀ ਨੂੰ 1-800-663-7867 ’ਤੇ ਮੁਫਤ ਫੋਨ ਕਰੋ ਅਤੇ ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਜੋੜੇ ਜਾਣ ਲਈ ਕਹੋ
- ਈ-ਮੇਲ: mail@trustee.bc.ca

### ਇਲਾਕਾਈ ਹੈਲਥ ਅਥਾਰਟੀਆਂ (ਨਿਯੁਕਤ ਏਜੰਸੀਆਂ)

- ਆਪਣੇ ਇਲਾਕੇ ਵਿਚ ਸਰਵਿਸ ਦੇ ਰਹੀ ਇਲਾਕਾਈ ਹੈਲਥ ਅਥਾਰਟੀ ਦਾ ਨੰਬਰ ਆਪਣੀ ਫੋਨ ਬੁੱਕ ਵਿਚ ਦੇਖੋ

### ਵਿਕਟਿਮਲਿੰਕ ਬੀ ਸੀ

- ਮੁਫਤ, ਗੁਪਤ ਟੈਲੀਫੋਨ ਸਰਵਿਸ ਜੋ ਕਿ ਬੀ ਸੀ ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ 1-800-563-0808 ’ਤੇ ਉਪਲਬਧ ਹੈ
- ਵਿਕਟਿਮਲਿੰਕ ਬੀ ਸੀ 110 ਨਾਲੋਂ ਜ਼ਿਆਦਾ ਜ਼ਬਾਨਾਂ ਵਿਚ ਸਰਵਿਸ ਦਿੰਦਾ ਹੈ, ਜਿਨ੍ਹਾਂ ਵਿਚ ਉੱਤਰੀ ਅਮਰੀਕਾ ਦੀਆਂ 17 ਅਬਰਿਜਨਲ ਜ਼ਬਾਨਾਂ ਵੀ ਸ਼ਾਮਲ ਹਨ
- ਵਿਕਟਿਮਲਿੰਕ ਬੀ ਸੀ ਟੀ ਟੀ ਵਾਈ ’ਤੇ ਪਹੁੰਚਯੋਗ ਹੈ। 604-875-0885 ’ਤੇ ਟੀ ਟੀ ਵਾਈ ਨੂੰ ਫੋਨ ਕਰੋ; ਕੋਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲਅੱਸ ਰੀਲੇਅ ਸਰਵਿਸ ਨੂੰ 711 ’ਤੇ ਫੋਨ ਕਰੋ
- 604-836-6381 ’ਤੇ ਟੈਕਸਟ ਕਰੋ
- www.victimlinkbc.ca
- ਈਮੇਲ: victimLinkBC@bc211.ca

*ਕਿਰਪਾ ਕਰਕੇ ਨੋਟ ਕਰੋ: ਇਹ ਪੈਂਫਲਿਟ ਸਿਰਫ ਆਮ ਜਾਣਕਾਰੀ ਦਿੰਦਾ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ।*

BRITISH COLUMBIA
www.gov.bc.ca